# ਸਮਾਜਕ ਅਤੇ ਭਾਵਨਾਤਮਕ ਵਿਕਾਸ

ਜਿਵੇਂ ਹੀ ਤੁਹਾਡਾ ਬੱਚਾ ਪੈਦਾ ਹੁੰਦਾ ਹੈ, ਤੁਸੀਂ ਉਸ ਨਾਲ ਨਜ਼ਦੀਕੀ ਸੰਬੰਧ ਵਿਕਸਤ ਕਰਕੇ ਉਸ ਨੂੰ ਭਰੋਸੇ, ਪਿਆਰ ਅਤੇ ਦੂਸਰਿਆਂ ਦੇ ਨਾਲ ਸੰਬੰਧ ਜੋੜਨ ਬਾਰੇ ਸਿਖਾਉਣਾ ਸ਼ੁਰੂ ਕਰ ਸਕਦੇ ਹੋ (ਲਗਾਅ ਵਿਕਸਤ ਕਰਨਾ ਅਤੇ ਦਿਮਾਗ ਦਾ ਵਿਕਾਸ ਦੇਖੋ)।

## 1ਲਾ ਮਹੀਨਾ

- ਅੱਖਾਂ ਦਾ ਸੰਪਰਕ ਕਰਦਾ ਹੈ ਅਤੇ ਮੁਸਕਰਾਉਂਦਾ ਹੈ
- ਦੇਖਭਾਲ ਕਰਨ ਵਾਲੇ ਤੇ ਭਰੋਸਾ ਕਰਨਾ ਸ਼ੁਰੂ ਕਰਦਾ ਹੈ
- ਘੱਟ ਜਾਂ ਵੱਧ ਉਤੇਜਿਤ ਕੀਤੇ ਜਾਣ ਤੇ ਰੋਂਦਾ ਹੈ
- ਲਗਾਤਾਰ ਰੋਣ ਦੀ ਸ਼ੁਰੂਆਤ ਕਰ ਸਕਦਾ ਹੈ (ਰੋਣਾ ਦੇਖੋ)

## 2ਰਾ ਮਹੀਨਾ

- ਚਿਹਰਿਆਂ ਦਾ ਮੁਆਇਨਾ ਕਰਦਾ ਹੈ
- ਸ਼ਖ਼ਸੀਅਤ ਦਰਸਾਉਂਦਾ ਹੈ
- ਤੁਹਾਡੇ ਤੇ ਵਾਪਸ ਮੁਸਕਰਾਉਂਦਾ ਹੈ
- ਲੋੜਾਂ ਪੂਰੀਆਂ ਕਰਵਾਉਣ ਲਈ ਰੋਂਦਾ ਹੈ

## 3ਰਾ ਮਹੀਨਾ

- ਰੋਣਾ ਸਭ ਤੋਂ ਵੱਧ ਨਿਰੰਤਰ ਹੋ ਸਕਦਾ ਹੈ
- ਉੱਚੀ ਹੱਸ ਸਕਦਾ ਹੈ
- ਮਾਤਾ-ਪਿਤਾ ਅਤੇ ਅਜਨਬੀਆਂ ਵਿਚਕਾਰ ਅੰਤਰ ਨੂੰ ਜਾਣਦਾ ਹੈ
- ਜਦੋਂ ਤੁਸੀਂ ਕਮਰੇ ਵਿੱਚ ਆਉਂਦੇ ਹੋ ਤਾਂ ਰੋਣਾ ਬੰਦ ਕਰ ਦਿੰਦਾ ਹੈ

## 4ਥਾ ਮਹੀਨਾ

- ਨਿਰੰਤਰ ਰੋਣਾ ਆਮਤੌਰ ਤੇ ਰੁਕ ਜਾਂਦਾ ਹੈ
- ਗੁਦਗੁਦੀ ਕੀਤੇ ਜਾਣ ਤੇ ਜ਼ੋਰ ਦੀ ਹੱਸਦਾ ਹੈ
- ਦੇਖਭਾਲ ਕਰਨ ਵਾਲੇ ਦਾ ਸਵਾਗਤ ਕਰਦਾ ਹੈ
- "ਮੈਨੂੰ ਚੁੱਕੋ" ਦਾ ਇਸ਼ਾਰਾ ਕਰਨ ਲਈ ਆਪਣੀਆਂ ਬਾਹਵਾਂ ਹਿਲਾਉਂਦਾ ਹੈ
- ਸਮਾਜਕ ਇੰਟਰਐਕਸ਼ਨ ਦਾ ਅਨੰਦ ਮਾਣਦਾ ਹੈ

## 5ਵਾਂ ਮਹੀਨਾ

- ਸਿਰ ਨੂੰ ਬੋਲਣ ਵਾਲੇ ਵਲ ਮੋੜਦਾ ਹੈ
- ਉਸ ਨੂੰ ਪਸੰਦ ਨਾ ਆਉਣ ਵਾਲੀਆਂ ਚੀਜ਼ਾਂ ਨੂੰ ਦੂਰ ਧਕੇਲ ਦਿੰਦੀ ਹੈ

## 6ਵਾਂ ਮਹੀਨਾ

- ਚਿਹਰੇ ਦੇ ਭਾਵਾਂ ਦੀ ਨਕਲ ਕਰਦਾ ਹੈ
- ਮੂਡ ਦਰਸਾਉਣ ਲਈ ਆਵਾਜ਼ਾਂ ਅਤੇ ਹਰਕਤਾਂ ਕਰਦਾ ਹੈ
- ਅਜਨਬੀਆਂ ਨਾਲ ਸ਼ਰਮੀਲਾ ਹੋ ਸਕਦਾ ਹੈ ਜਾਂ ਉਨ੍ਹਾਂ ਕੋਲੋਂ ਡਰ ਸਕਦਾ ਹੈ
- ਆਪਣੇ ਨਾਮ ਪ੍ਰਤੀ ਪ੍ਰਤੀਕਿਰਿਆ ਕਰਦੀ ਹੈ
- ਆਪਣੇ ਪ੍ਰਤਿਬਿੰਬ ਨੂੰ ਪਸੰਦ ਕਰਦੀ ਹੈ

### ਬ੍ਰੇਨ ਬਿਲਡਰ

- ਜਦੋਂ ਉਹ ਰੋਂਦੀ ਹੈ ਜਾਂ ਪਰੇਸ਼ਾਨ ਹੈ ਤਾਂ ਆਪਣੀ ਬੱਚੀ ਨੂੰ ਲਾਡ ਪਿਆਰ ਕਰੋ ਅਤੇ ਦਿਲਾਸਾ ਦਿਓ।
- ਜਦੋਂ ਉਹ ਮੁਸਕਰਾਉਂਦੀ ਹੈ ਤਾਂ ਵਾਪਸ ਮੁਸਕਰਾਓ ਅਤੇ ਅੱਖਾਂ ਨਾਲ ਬਹੁਤ ਸਾਰਾ ਸੰਪਰਕ ਬਣਾਓ।
- ਉਸ ਨੂੰ ਫੜੋ, ਛੂਹੋ ਅਤੇ ਚਮੜੀ-ਨਾਲ-ਚਮੜੀ ਲਗਾ ਕੇ ਲਾਡ ਪਿਆਰ ਕਰੋ।
- ਉਸ ਨੂੰ ਪੜ੍ਹ ਕੇ ਸੁਣਾਓ।

### ਖਤਰਾ

ਬੱਚੇ ਨੂੰ ਹਿਲਾਉਣ, ਕੁਝ ਹੀ ਸਕਿੰਟਾਂ ਲਈ ਵੀ, ਦਾ ਨਤੀਜਾ ਦਿਮਾਗੀ ਨੁਕਸਾਨ, ਅੰਨ੍ਹਾਪਣ ਜਾਂ ਮੌਤ ਤੱਕ ਹੋ ਸਕਦਾ ਹੈ। ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦੀ ਦੇਖਭਾਲ ਕਰਨ ਵਾਲਾ ਹਰ ਵਿਅਕਤੀ ਉਸਦੇ ਰੋਣ ਨਾਲ ਸ਼ਾਂਤੀ ਨਾਲ ਨਜਿੱਠਣਾ ਸਿਖੇ।

### ਕੀ ਤੁਹਾਨੂੰ ਪਤਾ ਹੈ

ਇੱਕ ਨਵੇਂ ਬੱਚੇ ਨੂੰ ਵਿਗਾੜਨਾ ਸੰਭਵ ਨਹੀਂ ਹੈ। ਖੋਜ ਦਰਸਾਉਂਦੀ ਹੈ ਕਿ ਬਹੁਤ ਪਿਆਰ ਕੀਤੇ ਜਾਣ ਵਾਲੇ ਬੱਚੇ ਹਰ ਤਰੀਕੇ ਨਾਲ ਬਿਹਤਰ ਕਰਦੇ ਹਨ। ਆਪਣੀ ਬੱਚੀ ਨੂੰ ਬਹੁਤ ਸਾਰੀਆਂ ਜੱਫੀਆਂ ਅਤੇ ਮੁਸਕਰਾਹਟ ਦੇਕੇ ਅਤੇ ਉਸਦੇ ਰੋਣ ਤੇ ਉਸ ਨੂੰ ਦਿਲਾਸਾ ਦੇਕੇ ਉਸ ਨੂੰ ਸਹਾਰਾ ਦਿਓ।

### ਪਰਿਵਾਰ ਦੀ ਕਹਾਣੀ

ਮੇਰੀ ਸੱਸ ਨੇ ਕਿਹਾ ਕਿ ਅਸੀਂ ਆਪਣੀ ਬੱਚੀ ਨੂੰ ਬਹੁਤ ਜ਼ਿਆਦਾ ਚੁੱਕ ਕੇ ਅਤੇ ਉਸਦੇ ਚਿੜਚਿੜੇ ਹੋਣ ਤੇ ਉਸ ਨੂੰ ਚੁੱਕ ਕੇ ਵਿਗਾੜ ਰਹੇ ਸੀ। ਪਰ ਮੈਂ ਜਾਣਦੀ ਸੀ ਕਿ ਇਹ ਸੱਚ ਨਹੀਂ ਸੀ। ਉਸ ਵਲ ਧਿਆਨ ਦੇਣ ਨੇ ਉਸ ਨੂੰ ਇੱਕ ਭਰੋਸਾ ਕਰਨ ਵਾਲੀ ਅਤੇ ਸ਼ਾਂਤ ਛੋਟੀ ਜਿਹੀ ਕੁੜੀ ਵਿੱਚ ਵਿਕਸਤ ਹੋਣ ਵਿੱਚ ਸਹਾਇਤਾ ਕੀਤੀ ਹੈ।